# HOLI CELEBRATION BY EK BHARAT SRESHTA BHARAT CLUB

EBSB Club of Dasmesh Girls College ChakAllaBaksh, Mukerian has organized Hindi Regional Dance and face Competition on 26th March,2022 to celebrate " Holi Festival".In this competition 8 teams showed the different cultures of different states of India.10 students in face Competition has participated with full enthusiasm. Participants showed their Skills and Artin their performance during this event.Award has been provided to the winners. This initiative has directed by Respected Principal Dr. karmajit Kaur and coordinated by Asst. Prof Navjitkaur(Nodal officer,EBSB), Asst. Prof. Satwant Kaur ( NSS Officer),Dr. Rajwinderkaur( NCC Officer) ,and Ms. Monica(Member, EBSB).











ਦਸਮੇਸ਼ ਗਰਲਜ਼ ਕਾਲਜ ਮੁਕੇਰੀਆਂ ਵਿਖੇ ਕਰਵਾਏ ਖੇਤਰੀ ਲੋਕ-ਨਾਚ ਪ੍ਰੋਗਰਾਮ ਦੌਰਾਨ ਪ੍ਰਿੰਸੀਪਲ ਡਾ. ਕਰਮਜੀਤ ਕੌਰ ਬਰਾੜ ਨਾਲ ਵਿਦਿਆਰਥਣਾਂ ਅਤੇ ਅਧਿਆਪਕਾਵਾਂ।

ਪੰਜਾਬੀ ਜਾਗਰਣ

## ਦਸਮੇਸ਼ ਕਾਲਜ ਵੱਲੋਂ ਖੇਤਰੀ ਲੋਕ-ਨਾਚ ਪ੍ਰੋਗਰਾਮ ਕਰਵਾਇਆ

**ਹਰਮਨਜੀਤ ਸਿੰਘ ਸੈਣੀ, ਮੁਕੇਰੀਆਂ** : ਦਸਮੇਸ਼ ਗਰਲਜ਼ ਕਾਲਜ ਚੱਕ ਅੱਲ੍ਹਾ ਬਖ਼ਸ਼ ਮੁਕੇਰੀਆਂ ਦੇ 'ਏਕ ਭਾਰਤ ਸ੍ਰੇਸ਼ਠ ਭਾਰਤ' ਕਲੱਬ ਵੱਲੋਂ ਕਾਲਜ ਪ੍ਰਿੰਸੀਪਲ ਡਾ. ਕਰਮਜੀਤ ਕੌਰ ਬਰਾੜ ਦੀ ਅਗਵਾਈ ਹੇਠ ਖੇਤਰੀ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਬਰਾੜ ਨੇ ਦੱਸਿਆ ਕਿ ਭਾਰਤ ਸੱਭਿਆਚਾਰਕ ਅਨੇਕਤਾਵਾਂ ਵਾਲਾ ਦੇਸ਼ ਹੈ ਅਤੇ ਵਿਦਿਆਰਥੀਆਂ ਨੂੰ ਇਨ੍ਹਾਂ ਖੇਤਰੀ ਸੱਭਿਆਚਾਰਾਂ ਪ੍ਰਤੀ ਜਾਗਰੂਕ ਕਰਨ ਵਜੋਂ ਖੇਤਰੀ ਲੋਕ ਨਾਚ ਮੁਕਾਬਲੇ ਕਰਵਾਏ ਗਏ। ਮੁਕਾਬਲੇ 'ਚ ਵਿਦਿਆਰਥਣਾਂ ਨੇ ਹੋਲੀ ਦੇ ਤਿਉਹਾਰ ਮੌਕੇ ਕੀਤੇ ਜਾਣ ਵਾਲੇ ਖੇਤਰੀ ਲੋਕ ਨਾਚ ਪੇਸ਼ ਕੀਤਾ। ਇਨ੍ਹਾਂ ਮੁਕਾਬਲਿਆਂ 'ਚ ਬੀਐੱਸਸੀ ਭਾਗ ਤੀਜਾ ਦੀਆਂ ਵਿਦਿਆਰਥਣਾਂ ਨੇ ਪਹਿਲਾ ਸਥਾਨ, ਬੀਐੱਸਸੀ ਭਾਗ ਦੂਜਾ ਦੀਆਂ ਵਿਦਿਆਰਥਣਾਂ ਨੇ ਦੂਜਾ ਤੇ ਬੀਕਾਮ ਭਾਗ ਪਹਿਲਾ ਦੀਆਂ ਵਿਦਿਆਰਥਣਾਂ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਦੌਰਾਨ ਫੇਸ ਪੇਂਟਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿਚ ਰੀਆ ਨੇ ਪਹਿਲਾ, ਕਵਿਤਾ ਨੇ ਦੂਜਾ ਤੇ ਪ੍ਰਿਆ ਨੇ ਤੀਜਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਬਰਾੜ ਅਨੁਸਾਰ ਦੇਸ਼ ਅੰਦਰਲੀ ਅਨੇਕਤਾ 'ਚ ਏਕਤਾ ਪੈਦਾ ਕਰਕੇ ਹੀ ਦੇਸ਼ ਨੂੰ ਵਿਕਾਸ ਦੀਆਂ ਲੀਹਾਂ 'ਤੇ ਤੋਰਿਆ ਜਾ ਸਕਦਾ ਹੈ। ਇਸ ਮੌਕੇ ਕਲੱਬ ਦੇ ਇੰਚਾਰਜ ਡਾ. ਰਾਜਵਿੰਦਰ ਕੌਰ, ਪ੍ਰੋ. ਨਵਜੀਤ ਕੌਰ, ਪ੍ਰੋ. ਸਤਵੰਤ ਕੌਰ, ਪ੍ਰੋ. ਮੋਨਿਕਾ ਅਤੇ ਵਿਦਿਆਰਥਣਾਂ ਤੋਂ ਇਲਾਵਾਂ ਕਾਲਜ ਦਾ ਸਮੂਹ ਸਟਾਫ ਵੀ ਹਾਜ਼ਰ ਸੀ।